ਕੋਵਿਡ-19 ਵੈਕਸੀਨ ਤੱਥ ਪੱਤਰ

# ਤੁਹਾਨੂੰ ਕੋਵਿਡ-19 (COVID-19) ਵੈਕਸੀਨਾਂ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ

## ਕੋਵਿਡ-19 ਵੈਕਸੀਨਾਂ ਬਾਰੇ

**ਵੈਕਸੀਨ ਕਿਵੇਂ ਕੰਮ ਕਰਦੀਆਂ ਹਨ?**

ਵੈਕਸੀਨ ਤੁਹਾਡੇ ਸਰੀਰ ਨੂੰ ਵਾਇਰਸ ਵਿੱਚ ਪਾਏ ਗਏ ਹਾਨੀਕਾਰਕ ਪ੍ਰੋਟੀਨ ਬਣਾਉਣ ਲਈ ਆਖਦੀਆਂ ਹਨ ਅਤੇ ਅਜਿਹੀਆਂ ਐਂਟੀਬਾੱਡੀਜ ਬਣਾਉਣਾ ਸ਼ੁਰੂ ਕਰਦੀਆਂ ਹਨ, ਜੋ ਅਸਲੀ ਵਾਇਰਸ ਨਾਲ ਲੜ ਸਕਦੀਆਂ ਹਨ, ਜੇਕਰ ਤੁਸੀਂ ਇਸਦੇ ਸੰਪਰਕ ਵਿੱਚ ਆਉਂਦੇ ਹੋ।

**ਵੈਕਸੀਨ ਚੰਗੀ ਤਰ੍ਹਾਂ ਕਿਵੇਂ ਕੰਮ ਕਰਦੀ ਹੈ, ਕੀ ਮੈਨੂੰ ਤਦ ਵੀ ਕੋਵਿਡ-19 ਹੋ ਸਕਦਾ ਹੈ?**

Pfizer-BioNTech ਅਤੇ Moderna ਵੈਕਸੀਨਾਂ, ਤੁਹਾਡੀ ਬਾਂਹ ਦੇ ਉੱਪਰਲੇ ਪਾਸੇ ਤੇ ਸੂਈ ਵਰਤਦੇ ਹੋਏ ਦੋ ਖ਼ੁਰਾਕਾਂ ਵਿੱਚ ਲਗਾਈਆਂ ਜਾਂਦੀਆਂ ਹਨ। ਪਹਿਲੀ ਅਤੇ ਦੂਜੀ ਖ਼ੁਰਾਕ ਲਈ ਇੱਕੋ ਵੈਕਸੀਨ ਵਰਤੀ ਜਾਂਦੀ ਹੈ। Pfizer-BioNTech ਅਤੇ Moderna ਵੈਕਸੀਨਾਂ ਦੇ, ਦੋ ਖ਼ੁਰਾਕਾਂ ਦੇ ਬਾਅਦ, 94-95% ਤੱਕ ਪ੍ਰਭਾਵੀ ਹੋਣ ਦੀ ਸੰਭਾਵਨਾ ਹੈ।

**ਕੀ ਵੈਕਸੀਨ ਲਗਵਾਉਣ ਤੋਂ ਬਾਅਦ ਵੀ ਮੈਨੂੰ ਮਾਸਕ ਪਹਿਨਣਾ ਪਵੇਗਾ?**

ਹਾਂ। ਬਿਨਾਂ ਲੱਛਣਾਂ ਵਾਲੇ ਸੰਕ੍ਰਮਣ ਨੂੰ ਰੋਕਣ ਅਤੇ ਕੋਵਿਡ-19 ਦੇ ਸੰਚਾਰਨ ਨੂੰ ਘਟਾਉਣ ਵਿੱਚ, ਵੈਕਸੀਨ ਦੀ ਪ੍ਰਭਾਵਿਕਤਾ ਨਿਰਧਾਰਤ ਕਰਨ ਲਈ ਅਧਿਐਨ ਅਜੇ ਵੀ ਚੱਲ ਰਹੇ ਹਨ। ਹੁਣ, ਅਤੇ ਜਦੋਂ ਤੱਕ ਵਿਗਿਆਨਕ ਮਾਹਰ ਨਹੀਂ ਕਹਿੰਦੇ ਕਿ ਬੰਦ ਕਰਨਾ ਸੁਰੱਖਿਅਤ ਹੈ, ਉਦੋਂ ਤੱਕ ਪਬਲਿਕ ਹੈਲਥ ਦੇ ਅਧਿਕਾਰੀਆਂ ਦੀ ਸਲਾਹ ਦੀ ਪਾਲਣਾ ਜਾਰੀ ਰੱਖਣਾ ਮਹੱਤਵਪੂਰਣ ਹੈ, ਇਸ ਵਿੱਚ ਸ਼ਾਮਲ ਹੈ, ਤੁਹਾਡੇ ਪਰਿਵਾਰ ਦੇ ਬਾਹਰ ਵਾਲੇ ਲੋਕਾਂ ਤੋਂ ਦੋ ਮੀਟਰ ਦੀ ਸਰੀਰਕ ਦੂਰੀ ਰੱਖਣਾ, ਮਾਸਕ ਪਹਿਨਣਾ, ਚੰਗੀ ਤਰ੍ਹਾਂ ਹੱਥ ਧੋਣਾ ਅਤੇ ਗੈਰ-ਜ਼ਰੂਰੀ ਯਾਤਰਾ ਨੂੰ ਸੀਮਿਤ ਕਰਨਾ। ਇਹ ਉਪਾਅ, ਤੁਹਾਨੂੰ, ਤੁਹਾਡੇ ਪਿਆਰਿਆਂ ਨੂੰ ਅਤੇ ਤੁਹਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨਗੇ।

**ਵੈਕਸੀਨ ਕਿੰਨੇ ਸਮੇਂ ਤੱਕ ਚੱਲੇਗੀ? ਕੀ ਮੈਨੂੰ ਹਰ ਸਾਲ ਲਗਵਾਉਣ ਦੀ ਲੋੜ ਹੈ?**

ਇਹ ਨਿਰਧਾਰਤ ਕਰਨ ਲਈ ਅਧਿਐਨ ਅਜੇ ਚੱਲ ਰਹੇ ਹਨ ਕਿ ਵੈਕਸੀਨ ਕਿੰਨੇ ਸਮਾਂ ਤੱਕ ਇਮਿਊਨਿਟੀ ਪ੍ਰਦਾਨ ਕਰੇਗੀ। ਸਰਕਾਰ ਜਨਤਾ ਨੂੰ ਸੂਚਿਤ ਕਰਦੀ ਰਹੇਗੀ,

ਜਦੋਂ-ਜਦੋਂ ਨਵਾਂ ਡੇਟਾ ਉਪਲਬਧ ਹੋਵੇਗਾ।

**ਕੀ ਵੈਕਸੀਨ ਵਿੱਚ ਮਾਈਕ੍ਰੋਚਿਪ ਹੈ?**

ਨਹੀਂ।

**ਕੋਵਿਡ-19 ਵੈਕਸੀਨ, ਫਲੂ ਵੈਕਸੀਨ ਤੋਂ ਵੱਖ ਕਿਵੇਂ ਹੈ?**

ਕੋਵਿਡ-19 ਵੈਕਸੀਨ ਅਤੇ ਫਲੂ ਵੈਕਸੀਨ ਕਾਫ਼ੀ ਅਲਗ ਹਨ ਅਤੇ ਸਿੱਧੇ ਤੌਰ ਤੇ ਇਹਨਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇਹ ਵੱਖ-ਵੱਖ ਵਾਇਰਸਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ: ਫਲੂ ਵੈਕਸੀਨ ਨੂੰ ਕਈ ਇੰਫਲੂਐਂਜ਼ਾ ਵਾਇਰਸਾਂ ਨਾਲ ਲੜਨਾ ਪੈਂਦਾ ਹੈ, ਜੋ ਰੂਪ ਬਦਲਦੇ ਹਨ, ਜਦਕਿ ਕੋਵਿਡ-19 ਵੈਕਸੀਨ ਸਿਰਫ਼ ਇੱਕ ਵਾਇਰਸ, SARS-CoV-2 ਨੂੰ ਨਿਸ਼ਾਨਾ ਬਣਾਉਂਦੀ ਹੈ।

**ਜੇਕਰ ਮੈਂ Pfizer ਜਾਂ Moderna ਵੈਕਸੀਨਾਂ ਦੀ ਦੂਜੀ ਖੁਰਾਕ ਨਾ ਲਵਾਂ ਤਾਂ ਕੀ ਹੋਵੇਗਾ?**

ਦੋਵੇਂ ਖੁਰਾਕਾਂ ਲੈਣਾ ਮਹੱਤਵਪੂਰਣ ਹੈ। ਪਹਿਲੀ ਖੁਰਾਕ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਸੁਰੱਖਿਆ, ਦੂਜੀ ਖੁਰਾਕ ਦੇ ਬਾਅਦ ਹਾਸਲ ਹੋਣ ਵਾਲੀ ਸੁਰੱਖਿਆ ਦੇ ਮੁਕਾਬਲੇ ਘੱਟ ਹੈ। ਵੈਕਸੀਨਾਂ, ਦੋ ਖੁਰਾਕਾਂ ਦੇ ਬਾਅਦ 94-95% ਪ੍ਰਭਾਵੀ ਹਨ।

**Pfizer-BioNTech ਵੈਕਸੀਨ ਵਿੱਚ ਕਿਹੜੀਆਂ ਸਮੱਗਰੀਆਂ ਹਨ?**

ਵੈਕਸੀਨ ਵਿੱਚ ਗੈਰ-ਮੈਡੀਕਲ ਸਮੱਗਰੀਆਂ ਵਿੱਚ ਸ਼ਾਮਲ ਹਨ:

- ALC-0315 = (4-hydroxybutyl)azanediyl)bis(hexane-6,1-diyl)bis(2-hexyldecanoate)
- ALC-0159 = 2-[(polyethylene glycol)-2000]-N,N-ditetradecylacetamide
- 1,2-distearoyl-sn-glycero-3-phosphocholine
- ਕੋਲੇਸਟ੍ਰੋਲ
- ਡੀਬੇਸਿਕ ਸੋਡੀਅਮ ਫੋਸਫੇਟ ਡੀਹਾਈਡ੍ਰੇਟ
- ਮੋਨੋਬੇਸਿਕ ਪੋਟਾਸ਼ੀਅਮ ਫੋਸਫੇਟ
- ਪੋਟਾਸ਼ੀਅਮ ਕਲੋਰਾਈਡ
- ਸੋਡੀਅਮ ਕਲੋਰਾਈਡ
- ਸਕਰੋਸ
- ਇੰਜੈਕਸ਼ਨ ਲਈ ਪਾਣੀ

ਹੋਰ ਜਾਣਕਾਰੀ ਲਈ ਓਨਟੈਰੀਓ ਮਿਨਿਸਟਰੀ ਆਫ ਹੈਲਥ (Ontario Ministry of Health) ਦੀ Information Sheet on Pfizer-BioNTech and Moderna COVID-19 Vaccines ਦੇਖੋ।

**Moderna ਵੈਕਸੀਨ ਵਿੱਚ ਕਿਹੜੀਆਂ ਸਮੱਗਰੀਆਂ ਹਨ?**

Moderna ਕੋਵਿਡ-19 ਵੈਕਸੀਨ ਵਿੱਚ ਗੈਰ-ਮੈਡੀਕਲ ਸਮੱਗਰੀਆਂ ਵਿੱਚ ਸ਼ਾਮਲ ਹਨ:

- 1, 2-distearoyl-sn-glycero-3-phosphocholine (DSPC)
- ਅਸੈਟਿਕ ਐਸਿਡ
- ਕੋਲੇਸਟ੍ਰੋਲ
- ਲਿਪਿਡ SM-102
- PEG2000 DMG 1,2-dimyristoyl-rac-glycerol, methoxy-polyethyleneglycol
- ਸੋਡੀਅਮ ਐਸੀਟੇਟ
- ਸਕਰੋਸ
- ਟ੍ਰੋਮੈਥਾਮਾਈਨ
- ਟ੍ਰੋਮੈਥਾਮਾਈਨ ਹਾਈਡ੍ਰੋਕਲੋਰਾਈਡ
- ਇੰਜੈਕਸ਼ਨ ਲਈ ਪਾਣੀ

ਹੋਰ ਜਾਣਕਾਰੀ ਲਈ ਓਨਟੈਰੀਓ ਮਿਨਿਸਟਰੀ ਆਫ ਹੈਲਥ (Ontario Ministry of Health) ਦੀ Health's Information Sheet on Pfizer-BioNTech and Moderna COVID-19 Vaccines ਦੇਖੋ।

# ਕੋਵਿਡ-19 ਵੈਕਸੀਨ ਸੁਰੱਖਿਆ

**ਕੀ ਕੋਵਿਡ-19 ਵੈਕਸੀਨ ਸੁਰੱਖਿਅਤ ਹਨ?**

ਹਾਂ। ਓਨਟੈਰੀਓ ਵਿੱਚ ਸਿਰਫ਼ ਉਹੀ ਵੈਕਸੀਨ ਲਗਾਈਆਂ ਜਾਣਗੀਆਂ, ਜੋ ਹੈਲਥ ਕੈਨੇਡਾ (Health Canada) ਵੱਲੋਂ ਪ੍ਰਵਾਨ ਅਤੇ ਸੁਰੱਖਿਅਤ ਅਤੇ ਪ੍ਰਭਾਵੀ ਨਿਰਧਾਰਤ ਕੀਤੀਆਂ ਗਈਆਂ ਹਨ।

ਹੈਲਥ ਕੈਨੇਡਾ ਕੋਲ, ਦੁਨੀਆ ਵਿੱਚ ਸਭ ਤੋਂ ਵੱਧ ਠੋਸ ਵਿਗਿਆਨਕ ਸਮੀਖਿਆ ਸਿਸਟਮਾਂ ਵਿੱਚੋਂ ਇੱਕ ਹੈ। ਹੈਲਥ ਕੈਨੇਡਾ ਸਿਰਫ਼ ਤਦ ਹੀ ਕੋਈ ਵੈਕਸੀਨ ਪ੍ਰਵਾਨ ਕਰਦੀ ਹੈ, ਜੇਕਰ ਇਹ ਸੁਰੱਖਿਅਤ ਹੋਵੇ, ਲਾਭਕਾਰੀ ਹੋਵੇ, ਨਿਰਮਾਣ ਸ਼ਰਤਾਂ ਨੂੰ ਪੂਰਾ ਕਰਦੀ ਹੋਵੇ, ਅਤੇ ਵੈਕਸੀਨ ਲਗਵਾਉਣ ਦੇ ਫਾਇਦੇ, ਜੋਖਮਾਂ ਤੋਂ ਵੱਧ ਹੋਣ।

**ਵੈਕਸੀਨ ਲਈ ਪ੍ਰਵਾਨਗੀ ਪ੍ਰਕਿਰਿਆ ਕੀ ਸੀ?**

ਕੈਨੇਡਾ ਦੇ ਸਰਬੋਤਮ ਸੁਤੰਤਰ ਵਿਗਿਆਨਕਾਂ ਨੇ, ਵੈਕਸੀਨਾਂ ਨੂੰ ਕੈਨੇਡਾ ਵਾਸੀਆਂ ਲਈ ਸੁਰੱਖਿਅਤ ਅਤੇ ਪ੍ਰਭਾਵੀ ਵਜੋਂ ਪ੍ਰਵਾਨ ਕਰਨ ਤੋਂ ਪਹਿਲਾਂ ਸਾਰੇ ਡੇਟੇ ਦੀ ਪੂਰੀ ਤਰ੍ਹਾਂ ਸਮੀਖਿਆ ਕੀਤੀ। ਇਹਨਾਂ ਵੈਕਸੀਨਾਂ ਨੂੰ ਪ੍ਰਵਾਨ ਕਰਨ ਵਿੱਚ ਸਾਰੇ ਸੁਰੱਖਿਆ ਉਪਾਵਾਂ ਦੀ ਪਾਲਣਾ ਕੀਤੀ ਗਈ। ਕੋਵਿਡ-19 ਵੈਕਸੀਨਾਂ ਦਾ ਵਿਕਾਸ ਕਈ ਕਾਰਨਾਂ ਕਰਕੇ ਵੱਧ ਜਲਦੀ ਨਾਲ ਅੱਗੇ ਵਧਿਆ, ਇਹਨਾਂ ਵਿੱਚ ਸ਼ਾਮਲ ਹਨ: ਵੈਕਸੀਨ ਪ੍ਰਵਾਨਗੀ ਪ੍ਰਕਿਰਿਆ ਵਿੱਚ ਦੇਰੀ ਦਾ ਘਟਿਆ ਸਮਾਂ, ਮੌਜੂਦਾ ਰਿਸਰਚ ਪ੍ਰੋਗਰਾਮਾਂ ਨੂੰ ਜਲਦੀ ਨਾਲ ਅਪਨਾਉਣਾ, ਵਿਗਿਆਨਕਾਂ ਅਤੇ ਸਰਕਾਰਾਂ ਵਿਚਕਾਰ ਅੰਤਰਰਾਸ਼ਟਰੀ ਸਹਿਯੋਗ, ਵਧੀ ਹੋਈ ਸਮਰਪਿਤ ਫੰਡਿੰਗ ਅਤੇ ਕਲੀਨੀਕਲ ਟ੍ਰਾਇਲਸ ਭਾਗੀਦਾਰਾਂ ਦੀ ਤੁਰੰਤ

Ontario

ਭਰਤੀ।

ਹੋਰ ਜਾਣਕਾਰੀ ਲਈ ਮਿਨਿਸਟਰੀ ਆਫ ਹੈਲਥ ਦੀ summary of the COVID-19 Vaccine Approval Process and Safety ਦੇਖੋ।

**ਕੀ ਮੈਨੂੰ ਉਸ ਵੈਕਸੀਨ ਬਾਰੇ ਫ਼ਿਕਰਮੰਦ ਹੋਣਾ ਚਾਹੀਦਾ ਹੈ, ਜੋ ਇੰਨੀ ਜਲਦੀ ਨਾਲ ਵਿਕਸਿਤ ਕੀਤੀ ਗਈ?**

ਨਹੀਂ। ਓਨਟੈਰੀਓ ਵਿੱਚ ਸਿਰਫ਼ ਉਹੀ ਵੈਕਸੀਨ ਲਗਾਈਆਂ ਜਾਣਗੀਆਂ, ਜੋ ਹੈਲਥ ਕੈਨੇਡਾ ਵੱਲੋਂ ਪ੍ਰਵਾਨ ਅਤੇ ਸੁਰੱਖਿਅਤ ਅਤੇ ਪ੍ਰਭਾਵੀ ਨਿਰਧਾਰਤ ਕੀਤੀਆਂ ਗਈਆਂ ਹਨ।

ਇਹ ਵੈਕਸੀਨਾਂ ਪੂਰੀ ਦੁਨੀਆ ਤੋਂ ਇਸ ਯਤਨ ਵਿੱਚ ਦਿੱਤੇ, ਪਹਿਲਾਂ ਕਦੇ ਨਾ ਦੇਖੇ ਗਏ ਸਹਿਯੋਗ ਅਤੇ ਫੰਡਿੰਗ ਪੱਧਰਾਂ ਦੇ ਕਾਰਨ, ਪਹਿਲਾਂ ਤੋਂ ਕਿਤੇ ਵੱਧ ਤੇਜ਼ੀ ਨਾਲ ਵਿਕਸਿਤ ਕੀਤੀਆਂ ਗਈਆਂ।

ਵੈਕਸੀਨਾਂ ਦੇ ਪਿੱਛੇ ਦੀ ਟੈਕਨੋਲੋਜੀ 10 ਸਾਲਾਂ ਤੋਂ ਵੱਧ ਦੀ ਹੈ ਅਤੇ ਇਹ ਪਹਿਲਾਂ ਤੋਂ ਹੀ ਇੰਫਲੂਐਂਜ਼ਾ, ਜ਼ੀਕਾ ਵਾਇਰਸ, ਰੈਬੀਜ ਵਾਇਰਸ, ਸਾਈਟੋਮੈਗਲੋਵਾਇਰਸ (CMV) ਅਤੇ ਹੋਰਾਂ ਲਈ ਜਾਨਵਰ ਨਮੂਨਿਆਂ ਵਿੱਚ ਵਰਤੀ ਜਾ ਚੁੱਕੀ ਹੈ। ਕਿਉਂਕਿ ਇਹ ਉੱਨਤ ਟੈਕਨੋਲੋਜੀ ਪਹਿਲਾਂ ਹੀ ਮੌਜੂਦ ਸੀ, ਇਸ ਕਰਕੇ ਵਿਗਿਆਨਕ ਜਲਦੀ ਨਾਲ ਕੰਮ ਕਰ ਸਕੇ।

**ਕੀ ਵੈਕਸੀਨ ਨਾਲ ਮੈਨੂੰ ਕੋਵਿਡ-19 ਹੋ ਸਕਦਾ ਹੈ?**

ਨਹੀਂ। ਕੋਵਿਡ-19 ਵੈਕਸੀਨ ਨਾਲ ਤੁਹਾਨੂੰ ਕੋਵਿਡ-19 ਜਾਂ ਕੋਈ ਹੋਰ ਸੰਕ੍ਰਮਣ ਵਾਲੀ ਬੀਮਾਰੀ ਨਹੀਂ ਹੁੰਦੀ। ਹੈਲਥ ਕੈਨੇਡਾ ਵੱਲੋਂ ਪ੍ਰਵਾਨ ਕੀਤੀਆਂ ਕੋਈ ਵੀ ਵੈਕਸੀਨਾਂ ਅਜੇ ਤੱਕ ਲਾਈਵ ਨਹੀਂ ਹਨ, ਮਤਲਬ ਕਿ ਉਹਨਾਂ ਵਿੱਚ ਉਹ ਵਾਇਰਸ ਨਹੀਂ ਹੈ, ਜੋ ਕੋਵਿਡ-19 ਦਾ ਕਾਰਨ ਬਣਦਾ ਹੈ।

ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਮਨੁੱਖੀ ਸਰੀਰ ਨੂੰ ਵੈਕਸੀਨੇਸ਼ਨ ਤੋਂ ਬਾਅਦ, ਆਮ ਤੌਰ ਤੇ ਇਮਿਊਨਿਟੀ ਬਣਾਉਣ ਵਿੱਚ ਕੁਝ ਹਫ਼ਤੇ ਲੱਗਦੇ ਹਨ। ਇਸਦਾ ਮਤਲਬ ਹੈ ਕਿ ਕਿਸੇ ਵਿਅਕਤੀ ਦਾ ਵੈਕਸੀਨੇਸ਼ਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਉਸਦੇ ਵਾਇਰਸ ਤੋਂ ਸੰਕ੍ਰਮਿਤ ਹੋਣ ਦੀ ਸੰਭਾਵਨਾ ਹੈ, ਜੋ ਕੋਵਿਡ-19 ਪੈਦਾ ਕਰਦਾ ਹੈ। ਅਜਿਹਾ ਇਸਲਈ ਹੈ ਕਿਉਂਕਿ ਵੈਕਸੀਨ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਜ਼ਿਆਦਾ ਸਮਾਂ ਨਹੀਂ ਮਿਲਿਆ। ਭਾਵੇਂ ਤੁਸੀਂ ਵੈਕਸੀਨ ਲਗਵਾਓ, ਫਿਰ ਵੀ ਕਿਰਪਾ ਕਰਕੇ ਖੁਦ ਨੂੰ, ਆਪਣੇ ਪਿਆਰਿਆਂ ਨੂੰ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ, ਪਬਲਿਕ ਹੈਲਥ ਦੇ ਉਪਾਵਾਂ ਦੀ ਪਾਲਣਾ ਜਾਰੀ ਰੱਖੋ।

**ਕੀ ਮੈਨੂੰ ਮਾੜੇ ਅਸਰ ਮਹਿਸੂਸ ਹੋਣਗੇ?**

ਦਵਾਈਆਂ ਅਤੇ ਹੋਰ ਵੈਕਸੀਨਾਂ ਵਾਂਗ ਹੀ, ਕੋਵਿਡ-19 ਵੈਕਸੀਨਾਂ ਤੋਂ ਵੀ ਮਾੜੇ ਅਸਰ ਹੋ ਸਕਦੇ ਹਨ। ਜਦੋਂ ਵੈਕਸੀਨ ਕੰਮ ਸ਼ੁਰੂ ਕਰਦੀ ਹੈ, ਤਾਂ ਸਭ ਤੋਂ ਵੱਧ ਆਮ ਮਾੜੇ ਅਸਰਾਂ ਵਿੱਚ ਸ਼ਾਮਲ ਹਨ, ਤੁਹਾਡੀ ਬਾਂਹ ਤੇ ਟੀਕੇ ਵਾਲੀ ਥਾਂ ਤੇ ਦਰਦ, ਥੋੜ੍ਹੀ ਥਕਾਵਟ, ਕਾਂਬਾ ਅਤੇ/ਜਾਂ ਮਾਮੂਲੀ ਸਿਰ ਦਰਦ। ਕਲੀਨੀਕਲ ਟ੍ਰਾਇਲਸ ਦੇ ਦੌਰਾਨ, ਸਭ ਤੋਂ ਵੱਧ ਮਾੜੇ ਅਸਰ ਮਾਮੂਲੀ ਸਨ ਅਤੇ ਵੈਕਸੀਨੇਸ਼ਨ ਤੋਂ ਬਾਅਦ ਕੁਝ ਦਿਨਾਂ ਦੇ ਅੰਦਰ ਹੀ ਠੀਕ ਹੋ ਗਏ ਸਨ।

ਇਸ ਤਰ੍ਹਾਂ ਦੇ ਮਾੜੇ ਅਸਰ ਸੰਭਾਵਿਤ ਹੁੰਦੇ ਹਨ ਅਤੇ ਇਹ ਸੰਕੇਤ ਦਿੰਦੇ ਹਨ ਕਿ ਵੈਕਸੀਨ, ਸੁਰੱਖਿਆ ਪ੍ਰਦਾਨ ਕਰਨ ਲਈ ਕੰਮ ਕਰ ਰਹੀ ਹੈ।

ਕਿਸੇ ਵੀ ਦਵਾਈਆਂ ਅਤੇ ਵੈਕਸੀਨਾਂ ਵਾਂਗ ਹੀ, ਵੈਕਸੀਨ ਲਗਵਾਉਣ ਤੋਂ ਬਾਅਦ ਐਲਰਜਿਕ ਰਿਐਕਸ਼ਨ ਵਿਰਲੇ ਹੀ ਹਨ ਪਰੰਤੂ ਹੋ ਸਕਦੇ ਹਨ। ਐਲਰਜਿਕ ਰਿਐਕਸ਼ਨ ਦੇ ਲੱਛਣਾਂ ਵਿੱਚ ਸ਼ਾਮਲ ਹਨ, ਛਪਾਕੀ (ਤਵੱਚਾ ਤੇ ਉਭਾਰ, ਜਿਹਨਾਂ ਤੇ ਅਕਸਰ ਕਾਫ਼ੀ ਖੁਜਲੀ ਹੁੰਦੀ ਹੈ), ਤੁਹਾਡੇ ਚਿਹਰੇ, ਜੀਭ ਜਾਂ ਗਲੇ ਤੇ ਸੋਜਸ਼, ਜਾਂ ਸਾਹ ਲੈਣ ਵਿੱਚ ਮੁਸ਼ਕਲ। ਸਭ ਤੋਂ ਵੱਧ ਗੰਭੀਰ ਰਿਐਕਸ਼ਨ, ਇੰਜੈਕਸ਼ਨ ਦੇ ਤੁਰੰਤ ਬਾਅਦ ਵਾਪਰਦੇ ਹਨ ਅਤੇ ਕਲੀਨਿਕ ਸਟਾਫ਼, ਐਲਰਜਿਕ ਰਿਐਕਸ਼ਨ ਹੋਣ ਤੇ ਇਸਨੂੰ ਸੰਭਾਲਣ ਲਈ ਤਿਆਰ ਰਹਿੰਦਾ ਹੈ। ਜੇਕਰ ਤੁਸੀਂ ਵੈਕਸੀਨ ਲਗਵਾਉਣ ਤੋਂ ਬਾਅਦ ਤੁਹਾਨੂੰ ਅਨੁਭਵ ਹੋਣ ਵਾਲੇ ਕਿਸੇ ਰਿਐਕਸ਼ਨਾਂ ਬਾਰੇ ਫ਼ਿਕਰਮੰਦ ਹੋ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਸੰਪਰਕ ਕਰੋ। ਤੁਸੀਂ ਸਵਾਲ ਪੁੱਛਣ ਜਾਂ ਪ੍ਰਤੀਕੂਲ ਰਿਐਕਸ਼ਨ ਦੀ ਰਿਪੋਰਟ ਕਰਨ ਲਈ ਆਪਣੀ ਲੋਕਲ ਪਬਲਿਕ ਹੈਲਥ ਯੂਨਿਟ ਨੂੰ ਵੀ ਸੰਪਰਕ ਕਰ ਸਕਦੇ ਹੋ।

ਵੈਕਸੀਨ ਲਗਵਾਉਣ ਤੋਂ ਬਾਅਦ ਗੰਭੀਰ ਮਾੜੇ ਅਸਰ ਵਿਰਲੇ ਹੀ ਹਨ। ਹਾਲਾਂਕਿ, ਜੇਕਰ ਤੁਹਾਨੂੰ ਵੈਕਸੀਨ ਲਗਵਾਉਣ ਦੇ ਤਿੰਨ ਦਿਨਾਂ ਦੇ ਅੰਦਰ ਹੇਠਾਂ ਲਿਖੇ ਰਿਐਕਸ਼ਨਾਂ ਵਿੱਚੋਂ ਕੋਈ ਵੀ ਹੋਵੇ, ਤਾਂ ਤੁਰੰਤ ਮੈਡੀਕਲ ਸਲਾਹ ਲਓ ਜਾਂ 911 ਤੇ ਫੋਨ ਕਰੋ:

- ਛਪਾਕੀ
- ਚਿਹਰੇ ਜਾਂ ਮੂੰਹ ਦੀ ਸੋਜਸ਼
- ਸਾਹ ਲੈਣ ਵਿੱਚ ਮੁਸ਼ਕਲ
- ਬਹੁਤ ਪੀਲਾ ਰੰਗ ਅਤੇ ਗੰਭੀਰ ਊਂਘ
- ਤੇਜ਼ ਬੁਖਾਰ (40°C ਤੋਂ ਵੱਧ)
- ਕੜਵੱਲ ਜਾਂ ਦੌਰੇ
- ਹੋਰ ਗੰਭੀਰ ਲੱਛਣ (ਜਿਵੇਂ "ਚੁਭਦਾ ਹੋਇਆ ਦਰਦ" ਜਾਂ ਸੁੰਨਤਾ)

### ਇਸ ਵੈਕਸੀਨ ਦੇ ਵੱਧ ਲੰਮੀ-ਮਿਆਦ ਦੇ ਮਾੜੇ ਅਸਰ ਕਿਹੜੇ ਹਨ?

Pfizer-BioNTech ਅਤੇ Moderna ਵੈਕਸੀਨਾਂ ਤੇ ਜਾਰੀ ਅਧਿਐਨ, ਹੁਣ ਤੱਕ ਮਿਲੇ ਕਿਸੇ ਗੰਭੀਰ ਮਾੜੇ ਅਸਰਾਂ ਦਾ ਸੰਕੇਤ ਨਹੀਂ ਦਿੰਦੇ ਹਨ। ਜਿਹਨਾਂ ਲੋਕਾਂ ਨੇ ਅਧਿਐਨਾਂ ਵਿੱਚ ਵੈਕਸੀਨ ਲਗਵਾਈ ਹੈ, ਉਹਨਾਂ ਦਾ ਵੱਧ ਲੰਮੀ-ਮਿਆਦ ਦੇ ਮਾੜੇ ਅਸਰਾਂ ਲਈ ਲਗਾਤਾਰ ਨਿਰੀਖਣ ਕੀਤਾ ਜਾਵੇਗਾ।

ਇਮਿਊਨਾਈਜ਼ੇਸ਼ਨ (AEFIs) ਤੋਂ ਬਾਅਦ ਪ੍ਰਤੀਕੂਲ ਘਟਨਾਵਾਂ ਬਾਰੇ ਹੋਰ ਜਾਣਕਾਰੀ ਲਈ ਜਾਂ AEFI ਦੀ ਰਿਪੋਰਟ ਕਰਨ ਲਈ Public Heath Ontario's vaccine safety web page ਤੇ ਜਾਓ।

### ਕੀ ਪਹਿਲੀ ਖੁਰਾਕ ਦੇ ਮੁਕਾਬਲੇ ਦੂਜੀ ਖੁਰਾਕ ਦੇ ਮਾੜੇ ਅਸਰ ਵੱਧ ਖ਼ਰਾਬ ਹਨ?

ਵੈਕਸੀਨ ਦੀ ਦੂਜੀ ਖੁਰਾਕ ਤੋਂ ਬਾਅਦ ਹੀ, ਮਾੜੇ ਅਸਰਾਂ ਦੇ ਵਾਪਰਣ ਦੀ ਵੱਧ ਸੰਭਾਵਨਾ ਹੈ। ਕਿਉਂਕਿ ਮਾੜੇ ਅਸਰ, ਤੁਹਾਡੇ ਇਮਿਊਨ ਸਿਸਟਮ ਵੱਲੋਂ ਸੁਰੱਖਿਆ ਪੈਦਾ ਕਰਨ ਦਾ ਨਤੀਜਾ ਹਨ, ਇਸਲਈ ਜਦੋਂ ਤੁਹਾਡਾ ਇਮਿਊਨ ਸਿਸਟਮ ਪਹਿਲੀ ਖੁਰਾਕ ਨਾਲ ਤਿਆਰ ਹੋ ਜਾਂਦਾ ਹੈ, ਤਾਂ ਦੂਜੀ ਖੁਰਾਕ ਲਈ ਕਿਤੇ ਵੱਧ ਮਜ਼ਬੂਤ ਇਮਿਊਨ ਪ੍ਰਤੀਕਿਰਿਆ ਹੁੰਦੀ ਹੈ (ਇਹ ਚੰਗੀ ਗੱਲ ਹੈ!)।

### ਕੀ ਕੋਵਿਡ-19 ਵੈਕਸੀਨ ਲਗਵਾਉਣ ਨਾਲ ਕਿਸੇ ਦੀ ਮੌਤ ਹੋਈ ਹੈ?

ਕੋਵਿਡ-19 ਵੈਕਸੀਨ ਦੇ ਸਿੱਧੇ ਨਤੀਜੇ ਵਜੋਂ ਕਿਸੇ ਦੀ ਮੌਤ ਦੀ ਖਬਰ ਨਹੀਂ ਹੈ। ਦੁਨੀਆਭਰ ਵਿੱਚ ਕੋਵਿਡ-19 ਤੋਂ ਲਗਭਗ ਦੋ ਮਿਲੀਅਨ ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਕੀ ਮੈਨੂੰ ਕੋਵਿਡ-19 ਵੈਕਸੀਨ ਲਗਵਾਉਣੀ ਚਾਹੀਦੀ ਹੈ?

### ਮੈਨੂੰ ਕੋਵਿਡ-19 ਵੈਕਸੀਨ ਕਿਉਂ ਲਗਵਾਉਣੀ ਚਾਹੀਦੀ ਹੈ?

ਵੈਕਸੀਨ, ਕੋਵਿਡ-19 ਮਹਾਂਮਾਰੀ ਨੂੰ ਖ਼ਤਮ ਕਰਨ ਦਾ ਇੱਕਮਾਤਰ ਅਨੁਮਾਨਿਤ ਉਪਾਅ ਹੈ। ਜਦੋਂ ਤੱਕ ਵੱਡੀ ਸੰਖਿਆ ਵਿੱਚ ਕੈਨੇਡਾ ਵਾਸੀ ਵੈਕਸੀਨ ਨਹੀਂ ਲਗਵਾਉਂਦੇ, ਉਦੋਂ

ਤੱਕ ਮਹਾਂਮਾਰੀ ਖ਼ਤਮ ਨਹੀਂ ਹੋਵੇਗੀ। ਤੁਸੀਂ ਵੈਕਸੀਨ ਲਗਵਾ ਕੇ, ਖੁਦ ਨੂੰ, ਆਪਣੇ ਪਿਆਰਿਆਂ ਨੂੰ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਕਰ ਸਕਦੇ ਹੋ।

ਹਾਲਾਂਕਿ ਵੈਕਸੀਨ ਵਿਅਕਤੀਗਤ ਤੌਰ ਤੇ ਸਾਡੇ ਵਿੱਚੋਂ ਹਰੇਕ ਨੂੰ ਸੁਰੱਖਿਅਤ ਕਰੇਗੀ, ਵੈਕਸੀਨ ਪ੍ਰੋਗਰਾਮ ਦਾ ਮੁੱਖ ਟੀਚਾ ਵੱਧ ਸੰਖਿਆ ਵਿੱਚ ਅਬਾਦੀ ਨੂੰ ਇਮਿਊਨਾਈਜ਼ ਕਰਨਾ ਹੈ, ਤਾਂ ਜੋ ਕੋਵਿਡ-19 ਹੋਰ ਨਾ ਫੈਲੇ।

ਜਿਹਨਾਂ ਲੋਕਾਂ ਨੂੰ ਵੈਕਸੀਨ ਲਗਵਾਉਣ ਦੀ ਲੋੜ ਹੈ, ਉਹਨਾਂ ਦਾ ਪ੍ਰਤੀਸ਼ਤ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਬੀਮਾਰੀ ਕਿੰਨੀ ਸੰਕ੍ਰਮਣ ਵਾਲੀ ਹੈ ਅਤੇ ਬੀਮਾਰੀ ਨੂੰ ਫੈਲਣ ਤੋਂ ਰੋਕਣ ਵਿੱਚ ਵੈਕਸੀਨ ਕਿੰਨੀ ਪ੍ਰਭਾਵੀ ਹੈ।

ਜਿੰਨੀ ਜਲਦੀ ਵੱਡੀ ਸੰਖਿਆ ਵਿੱਚ ਕੈਨੇਡਾ ਵਾਸੀ ਵੈਕਸੀਨ ਲਗਵਾਉਣਗੇ, ਓਨੀ ਜਲਦੀ ਹੀ ਸਾਡੀਆਂ ਜ਼ਿੰਦਗੀਆਂ ਸਧਾਰਨ ਰੂਪ ਵਿੱਚ ਵਾਪਸ ਆ ਸਕਦੀਆਂ ਹਨ।

### ਮੈਂ ਵੱਧ ਜੋਖਮ ਤੇ ਨਹੀਂ ਹਾਂ। ਕੋਵਿਡ-19 ਓਨਾ ਬੁਰਾ ਨਹੀਂ ਹੈ। ਮੈਨੂੰ ਵੈਕਸੀਨ ਦੀ ਲੋੜ ਨਹੀਂ ਹੈ।

ਪੂਰੀ ਦੁਨੀਆ ਵਿੱਚ, ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ, ਕੋਵਿਡ-19 ਤੋਂ ਲਗਭਗ ਦੋ ਮਿਲੀਅਨ ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੋਵਿਡ-19 ਪੱਖਪਾਤ ਨਹੀਂ ਕਰਦਾ, ਅਤੇ ਕੋਈ ਵੀ ਵਾਇਰਸ ਤੋਂ ਬੀਮਾਰ ਹੋ ਸਕਦਾ ਹੈ।

ਭਾਵੇਂ ਕਿਸੇ ਸਿਹਤਮੰਦ ਵਿਅਕਤੀ ਦੀ ਕੋਵਿਡ-19 ਸੰਕ੍ਰਮਣ ਤੋਂ ਮੌਤ ਨਹੀਂ ਹੁੰਦੀ, ਫਿਰ ਵੀ ਉਹਨਾਂ ਨੂੰ ਲੰਮੀ-ਮਿਆਦ ਦੀਆਂ ਜਟਿਲਤਾਵਾਂ ਹੋ ਸਕਦੀਆਂ ਹਨ, ਜੋ ਆਮ ਜ਼ਿੰਦਗੀ ਦਾ ਅਨੁਭਵ ਲੈਣ ਦੀ ਉਹਨਾਂ ਦੀ ਸਮਰੱਥਾ ਤੇ ਅਸਰ ਪਾਉਣ, ਜਿਵੇਂ ਰੁਕ-ਰੁਕ ਕੇ ਸਾਹ ਆਉਣਾ, ਥਕਾਵਟ, ਸਿਰ ਦਰਦ, ਮਾਂਸਪੇਸ਼ੀ/ਜੋੜਾਂ ਵਿੱਚ ਦਰਦ, ਬੋਧ ਸਬੰਧੀ ਵਿਗਾੜ ਅਤੇ/ਜਾਂ ਗੰਧ।

ਭਾਵੇਂ ਤੁਸੀਂ ਵੱਧ ਜੋਖਮ ਤੇ ਨਹੀਂ ਹੋ, ਤੁਹਾਡੇ ਭਾਈਚਾਰੇ ਵਿੱਚ ਹੋਰ ਵਿਅਕਤੀ ਹਨ, ਹੋ ਸਕਦਾ ਹੈ ਕਿ ਉਹ ਵੱਧ-ਜੋਖਮ ਤੇ ਹੋਣ ਅਤੇ ਉਹਨਾਂ ਦਾ ਇਮਿਊਨ ਸਿਸਟਮ ਬੇਹੱਦ ਕਮਜ਼ੋਰ ਹੋਵੇ, ਜਿਸਦਾ ਮਤਲਬ ਹੈ ਕਿ ਉਹਨਾਂ ਦਾ ਇਮਿਊਨ ਸਿਸਟਮ, ਵੈਕਸੀਨ ਲਗਵਾਉਣ ਲਈ ਮਜ਼ਬੂਤ ਨਹੀਂ ਹੈ। ਜਦੋਂ ਵੱਡੀ ਸੰਖਿਆ ਵਿੱਚ ਭਾਈਚਾਰੇ ਨੂੰ ਵੈਕਸੀਨ ਲੱਗ ਜਾਂਦੀ ਹੈ, ਤਾਂ ਇਹ ਉਹਨਾਂ ਵਿਅਕਤੀਆਂ ਨੂੰ ਸੁਰੱਖਿਅਤ ਕਰਦੀ ਹੈ, ਜਿਹਨਾਂ ਦਾ ਇਮਿਊਨ ਸਿਸਟਮ ਬੇਹੱਦ ਕਮਜ਼ੋਰ ਹੁੰਦਾ ਹੈ ਕਿਉਂਕਿ ਇਹ ਵਾਇਰਸ ਦੇ ਪੂਰੇ ਭਾਈਚਾਰੇ ਵਿੱਚ ਫੈਲਣ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀ ਦੇ ਸੰਕ੍ਰਮਿਤ ਹੋਣ ਦੀ ਸੰਭਾਵਨਾ ਨੂੰ ਘਟਾਉਂਦਾ ਹੈ, ਜੋ ਵੈਕਸੀਨ ਨਹੀਂ ਲਗਵਾ ਸਕਦਾ।

### ਮੈਨੂੰ ਲੱਗਦਾ ਹੈ ਕਿ ਮੈਨੂੰ ਉਡੀਕ ਕਰਨੀ ਚਾਹੀਦੀ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਦੂਜਿਆਂ ਨਾਲ ਕੀ ਵਾਪਰਦਾ ਹੈ

ਜਿੰਨੀ ਜਲਦੀ ਵੱਡੀ ਸੰਖਿਆ ਵਿੱਚ ਕੈਨੇਡਾ ਵਾਸੀ ਵੈਕਸੀਨ ਲਗਵਾਉਣਗੇ, ਓਨੀ ਜਲਦੀ ਹੀ ਸਾਡੀਆਂ ਜ਼ਿੰਦਗੀਆਂ ਸਧਾਰਨ ਰੂਪ ਵਿੱਚ ਵਾਪਸ ਆ ਸਕਦੀਆਂ ਹਨ। ਸਾਨੂੰ ਮਹਾਂਮਾਰੀ ਨੂੰ ਖ਼ਤਮ ਕਰਨ ਲਈ ਵੱਡੀ ਸੰਖਿਆ ਵਿੱਚ ਕੈਨੇਡਾ ਵਾਸੀਆਂ ਨੂੰ ਵੈਕਸੀਨ ਲਗਾਉਣ ਦੀ ਲੋੜ ਹੈ।

ਜਿੰਨੀ ਜਲਦੀ ਸਾਨੂੰ ਪੂਰੀ ਸਪਲਾਈ ਮਿਲਦੀ ਹੈ, ਅਸੀਂ ਸੂਬੇ ਦੇ ਹਰੇਕ ਕੋਨੇ ਵਿੱਚ ਵੈਕਸੀਨ ਵੰਡਣ ਲਈ ਕੰਮ ਕਰ ਰਹੇ ਹਾਂ। ਇਹ ਯਕੀਨੀ ਬਣਾਉਣ ਲਈ ਕਿ ਜੋ ਵੈਕਸੀਨ ਲਗਵਾਉਣਾ ਚਾਹੇ, ਉਸ ਹਰੇਕ ਵਿਅਕਤੀ ਨੂੰ ਸੁਰੱਖਿਅਤ ਰੂਪ ਨਾਲ ਅਤੇ ਜਲਦੀ ਨਾਲ ਵੈਕਸੀਨ ਲਗਾਈ ਜਾ ਸਕਦੀ ਹੈ, ਇਹ ਮਹੱਤਵਪੂਰਣ ਹੈ ਕਿ ਜਿਹਨਾਂ ਲੋਕਾਂ ਦੀ ਵੈਕਸੀਨ ਤੱਕ ਪਹੁੰਚ ਹੈ, ਉਹ ਪੇਸ਼ ਕੀਤੇ ਜਾਣ ਤੇ ਪਹਿਲੀ ਵਾਰ ਵਿੱਚ ਹੀ ਵੈਕਸੀਨ ਲਗਵਾ ਲੈਣ।

### ਜੇਕਰ ਮੈਂ ਗਰਭਵਤੀ ਹੋਵਾਂ ਜਾਂ ਗਰਭ ਧਾਰਨ ਦੀ ਕੋਸ਼ਿਸ਼ ਕਰ ਰਹੀ ਹੋਵਾਂ ਤਾਂ ਕੀ ਹੋਵੇਗਾ?

ਗਰਭਵਤੀ ਔਰਤਾਂ, ਕੋਵਿਡ-19 ਵੈਕਸੀਨ ਲਗਵਾਉਣ ਯੋਗ ਹੋ ਸਕਦੀਆਂ ਹਨ।

ਗਰਭਵਤੀ ਔਰਤਾਂ ਨੂੰ Pfizer BioNTech ਅਤੇ Moderna ਕੋਵਿਡ-19 ਵੈਕਸੀਨਾਂ ਲਈ ਫੇਜ 3 ਦੇ ਟ੍ਰਾਇਲਸ ਤੋਂ ਅਲਗ ਰੱਖਿਆ ਗਿਆ ਸੀ। ਇਸ ਕਰਕੇ, ਗਰਭ ਅਵਸਥਾ ਦੇ ਦੌਰਾਨ ਵੈਕਸੀਨਾਂ ਦੀ ਸੁਰੱਖਿਆ ਬਾਰੇ ਸੀਮਿਤ ਡੇਟਾ ਹੈ।

ਅਧਿਕਾਰਤ ਉਮਰ ਸਮੂਹ ਵਿੱਚ ਗਰਭਵਤੀ ਔਰਤਾਂ, ਕਾਉਂਸਲਿੰਗ ਅਤੇ ਸੂਚਿਤ ਸਹਿਮਤੀ ਤੋਂ ਬਾਅਦ ਵੈਕਸੀਨ ਲਗਵਾਉਣ ਦੀ ਚੋਣ ਕਰ ਸਕਦੀਆਂ ਹਨ, ਜਿਸ ਵਿੱਚ ਸ਼ਾਮਲ ਹੈ:

- ਵੈਕਸੀਨ ਦੇ ਜੋਖਮਾਂ ਅਤੇ ਫਾਇਦਿਆਂ ਦੀ ਸਮੀਖਿਆ
- ਗਰਭ ਅਵਸਥਾ ਵਿੱਚ ਕੋਵਿਡ-19 ਸੰਕ੍ਰਮਣ ਦੇ ਸੰਭਾਵੀ ਜੋਖਮਾਂ/ਨਤੀਜਿਆਂ ਦੀ ਸਮੀਖਿਆ
- ਗਰਭ ਅਵਸਥਾ ਵਿੱਚ ਕੋਵਿਡ-19 ਸੰਕ੍ਰਮਣ ਹੋਣ ਦੇ ਜੋਖਮਾਂ ਦੀ ਸਮੀਖਿਆ
- ਗਰਭਵਤੀ ਔਰਤਾਂ ਵਿੱਚ ਮੌਜੂਦਾ ਕੋਵਿਡ-19 ਵੈਕਸੀਨਾਂ ਦੀ ਵਰਤੋਂ ਲਈ ਸਬੂਤ ਦੀ ਘਾਟ ਹੋਣ ਦੀ ਸਵੀਕ੍ਰਿਤੀ

ਜੇਕਰ ਆਪਣੇ ਇਲਾਜ ਕਰਨ ਵਾਲੇ ਪ੍ਰਦਾਤਾ ਵੱਲੋਂ ਇਸ ਕਾਉਂਸਲਿੰਗ ਤੋਂ ਬਾਅਦ, ਗਰਭਵਤੀ ਔਰਤ ਨੂੰ ਲੱਗਦਾ ਹੈ ਕਿ ਵੈਕਸੀਨੇਸ਼ਨ ਦੇ ਸੰਭਾਵੀ ਫਾਇਦੇ, ਸੰਭਾਵੀ ਨੁਕਸਾਨਾਂ ਤੋਂ ਵੱਧ ਹਨ, ਤਾਂ ਉਹ ਵੈਕਸੀਨ ਤੱਕ ਪਹੁੰਚ ਦੇ ਯੋਗ ਹੋਵੇਗੀ।

ਗਰਭ ਧਾਰਨ ਕਰਨ ਦੀ ਯੋਜਨਾ ਬਣਾਉਣ ਵਾਲੀਆਂ ਔਰਤਾਂ ਨੂੰ ਆਪਣੇ ਪ੍ਰਾਇਮਰੀ ਕੇਅਰ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ। ਵਾਧੂ ਜਾਣਕਾਰੀ ਲਈ, Society of Obstetricians and Gynaecologists of Canada Statement on COVID-19 Vaccination in Pregnancy ਤੋਂ ਮਸ਼ਵਰਾ ਲਓ।

### ਜੇਕਰ ਮੈਂ ਬੱਚੇ ਨੂੰ ਦੁੱਧ ਚੁੰਘਾਉਂਦੀ ਹਾਂ ਤਾਂ ਕੀ ਹੋਵੇਗਾ?

ਬੱਚੇ ਨੂੰ ਦੁੱਧ ਚੁੰਘਾਉਣ ਵਾਲੀਆਂ ਔਰਤਾਂ, ਕੋਵਿਡ-19 ਵੈਕਸੀਨ ਲਗਵਾਉਣ ਯੋਗ ਹੋ ਸਕਦੀਆਂ ਹਨ।

ਬੱਚੇ ਨੂੰ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ Pfizer BioNTech ਅਤੇ Moderna ਕੋਵਿਡ-19 ਵੈਕਸੀਨਾਂ ਲਈ ਫੇਜ 3 ਦੇ ਟ੍ਰਾਇਲਸ ਤੋਂ ਅਲਗ ਰੱਖਿਆ ਗਿਆ ਸੀ। ਇਸ ਕਰਕੇ, ਬੱਚੇ ਨੂੰ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਵਿੱਚ ਵੈਕਸੀਨਾਂ ਦੀ ਸੁਰੱਖਿਆ ਜਾਂ ਦੁੱਧ ਚੁੰਘਾਏ ਬੱਚੇ ਤੇ ਜਾਂ ਦੁੱਧ ਦੇ ਉਤਪਾਦਨ ਤੇ, mRNA ਵੈਕਸੀਨਾਂ ਦੇ ਪ੍ਰਭਾਵਾਂ ਬਾਰੇ ਕੋਈ ਡੇਟਾ ਨਹੀਂ ਹੈ।

ਬੱਚੇ ਨੂੰ ਦੁੱਧ ਚੁੰਘਾਉਣ ਵਾਲੀਆਂ ਕਿਸੇ ਵੀ ਔਰਤਾਂ ਲਈ, ਕੋਵਿਡ-19 ਵੈਕਸੀਨ ਕਾਉਂਸਲਿੰਗ ਅਤੇ ਸੂਚਿਤ ਸਹਿਮਤੀ ਤੋਂ ਬਾਅਦ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਸ ਵਿੱਚ ਸ਼ਾਮਲ ਹੈ ਬੱਚੇ ਨੂੰ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਵਿੱਚ ਕੋਵਿਡ-19 ਵੈਕਸੀਨ ਦੀ ਵਰਤੋਂ ਲਈ ਸਬੂਤ ਦੀ ਘਾਟ ਦੀ ਪਛਾਣ ਕਰਨਾ।

ਵਾਧੂ ਜਾਣਕਾਰੀ ਲਈ, Society of Obstetricians and Gynaecologists of Canada Statement on COVID-19 Vaccination in Pregnancy ਤੋਂ ਮਸ਼ਵਰਾ ਲਓ।

### ਮੇਰੇ ਬੱਚਿਆਂ ਨੂੰ ਵੈਕਸੀਨ ਕਦੋਂ ਲੱਗ ਸਕਦੀ ਹੈ?

ਹੁਣ ਤੱਕ, ਵੈਕਸੀਨ ਨੂੰ ਬੱਚਿਆਂ ਲਈ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਇਹ ਨਿਰਧਾਰਤ ਕਰਨ ਲਈ ਰਿਸਰਚ ਜਾਰੀ ਹੈ ਕਿ ਅਧਿਕਾਰਤ ਉਮਰ ਤੋਂ ਘੱਟ ਉਮਰ ਵਾਲੇ ਵਿਅਕਤੀਆਂ ਨੂੰ ਵੈਕਸੀਨ ਕਦੋਂ ਲਗਾਈ ਜਾ ਸਕਦੀ ਹੈ।

ਜੇਕਰ ਮੈਂ ਹੁਣ ਇਹ ਨਾ ਲਗਵਾਵਾਂ, ਤਾਂ ਕੀ ਮੈਨੂੰ ਬਾਅਦ ਵਿੱਚ ਮੌਕਾ ਮਿਲੇਗਾ? ਜਾਂ ਕੀ ਮੈਨੂੰ ਲਾਈਨ ਦੇ ਅਖ਼ੀਰ ਵਿੱਚ ਲਗਾਇਆ ਜਾਵੇਗਾ?

ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਓਨਟੈਰੀਓ ਵਿੱਚ ਹਰੇਕ ਨੂੰ ਵੈਕਸੀਨ ਲੱਗੇ, ਜੋ ਯੋਗ ਹੈ ਅਤੇ ਜੋ ਇਹ ਚਾਹੁੰਦਾ ਹੈ। ਜਿੰਨੀ ਜਲਦੀ ਵੱਡੀ ਸੰਖਿਆ ਵਿੱਚ ਕੈਨੇਡਾ ਵਾਸੀ ਵੈਕਸੀਨ ਲਗਵਾਉਣਗੇ, ਓਨੀ ਜਲਦੀ ਹੀ ਸਾਡੀਆਂ ਜ਼ਿੰਦਗੀਆਂ ਸਧਾਰਨ ਰੂਪ ਵਿੱਚ ਵਾਪਸ ਆ ਸਕਦੀਆਂ ਹਨ। ਜਦੋਂ ਤੱਕ ਵੱਡੀ ਸੰਖਿਆ ਵਿੱਚ ਕੈਨੇਡਾ ਵਾਸੀ

ਵੈਕਸੀਨ ਨਹੀਂ ਲਗਵਾਉਂਦੇ, ਉਦੋਂ ਤੱਕ ਮਹਾਂਮਾਰੀ ਨਿਯੰਤਰਣ ਵਿੱਚ ਨਹੀਂ ਹੋਵੇਗੀ। ਇਹ ਯਕੀਨੀ ਬਣਾਉਣ ਲਈ ਕਿ ਜੋ ਵੈਕਸੀਨ ਲਗਵਾਉਣਾ ਚਾਹੇ, ਅਸੀਂ ਜਿੰਨੀ ਜਲਦੀ ਹੋ ਸਕੇ, ਉਸ ਹਰੇਕ ਵਿਅਕਤੀ ਨੂੰ ਸੁਰੱਖਿਅਤ ਰੂਪ ਨਾਲ ਅਤੇ ਜਲਦੀ ਨਾਲ ਵੈਕਸੀਨ ਲਗਾ ਸਕਦੇ ਹਾਂ, ਇਹ ਮਹੱਤਵਪੂਰਣ ਹੈ ਕਿ ਜਿਹਨਾਂ ਲੋਕਾਂ ਦੀ ਵੈਕਸੀਨ ਤੱਕ ਪਹੁੰਚ ਹੈ, ਉਹ ਪੇਸ਼ ਕੀਤੇ ਜਾਣ ਤੇ ਪਹਿਲੀ ਵਾਰ ਵਿੱਚ ਹੀ ਵੈਕਸੀਨ ਲਗਵਾ ਲੈਣ।

**ਜੇਕਰ ਮੈਂ ਆਪਣੇ ਨਿਯਮਿਤ ਇਮਿਊਨਾਈਜ਼ੇਸ਼ਨ ਸ਼ੈਡਿਊਲ ਤੋਂ ਪਿੱਛੇ ਹੋਵਾਂ ਤਾਂ ਕੀ ਹੋਵੇਗਾ? ਕੀ ਮੈਨੂੰ ਤਦ ਵੀ ਵੈਕਸੀਨ ਮਿਲ ਸਕਦੀ ਹੈ?**

ਹਾਂ। ਅਸੀਂ ਉਹਨਾਂ ਲੋਕਾਂ ਨੂੰ ਵੀ ਤਾਜ਼ਾ ਜਾਣਕਾਰੀ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਸੰਪਰਕ ਕਰਨ ਦੀ ਸਲਾਹ ਦਿੰਦੇ ਹਾਂ, ਜੋ ਆਪਣੇ ਇਮਿਊਨਾਈਜ਼ੇਸ਼ਨ ਵਿੱਚ ਪਿੱਛੇ ਹਨ।

**ਮੈਂ ਤਰਜੀਹੀ ਸਮੂਹ ਵਿੱਚ ਕਿਉਂ ਨਹੀਂ ਹਾਂ?**

ਜਿਵੇਂ ਕਿ ਕੋਵਿਡ-19 ਵੈਕਸੀਨ ਡਿਸਟ੍ਰੀਬਿਊਸ਼ਨ ਟਾਸਕ ਫੋਰਸ (COVID-19 Vaccine Distribution Task Force) ਵੱਲੋਂ ਸਲਾਹ ਦਿੱਤੀ ਗਈ ਹੈ ਅਤੇ ਨੈਸ਼ਨਲ ਐਡਵਾਈਜਰੀ ਕਮੇਟੀ ਔਨ ਇਮਿਊਨਾਈਜ਼ੇਸ਼ਨ (National Advisory Committee on Immunization) ਦੇ ਮੁਤਾਬਕ, ਸੂਬੇ ਨੇ ਮਾਰਚ 2021 ਵਿੱਚ ਵੈਕਸੀਨ ਪ੍ਰਾਪਤ ਕਰਨ ਲਈ ਅਗਲੇ ਸਮੂਹਾਂ ਦੀ ਪਛਾਣ ਕਰਨ ਲਈ ਇੱਕ ਦ੍ਰਿਸ਼ਟੀਕੋਣ ਅਪਨਾਇਆ ਹੈ। ਫੇਜ ਇੱਕ ਦੇ ਹਿੱਸੇ ਵਜੋਂ, ਅਸੀਂ ਸਭ ਤੋਂ ਪਹਿਲਾਂ ਸਭ ਤੋਂ ਕਮਜ਼ੋਰ ਲੋਕਾਂ ਨੂੰ ਵੈਕਸੀਨ ਲਗਾ ਰਹੇ ਹਾਂ, ਜਿਹਨਾਂ ਨੂੰ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਵੱਧ ਜੋਖਮ ਨਤੀਜੇ ਹਨ ਅਤੇ ਜੋ ਵਾਇਰਸ ਨਾਲ ਸੰਕ੍ਰਮਿਤ ਹੋਣ ਅਤੇ ਇਸਨੂੰ ਫੈਲਾਉਣ ਦੇ ਵੱਧ ਜੋਖਮ ਤੇ ਹਨ।

ਜਿਵੇਂ ਹੀ ਓਨਟੈਰੀਓ ਨੂੰ ਵੱਧ ਵੈਕਸੀਨ ਸਪਲਾਈ ਮਿਲੇਗੀ, ਵਾਧੂ ਸਮੂਹਾਂ ਨੂੰ ਸ਼ਾਮਲ ਕਰਨ ਲਈ ਪ੍ਰੋਗਰਾਮ ਦਾ ਹੋਰ ਵਿਸਤਾਰ ਕੀਤਾ ਜਾਵੇਗਾ। ਪ੍ਰੋਗਰਾਮ ਦੇ ਵੱਖ-ਵੱਖ ਫੇਜਾਂ ਸਮੇਤ, ਓਨਟੈਰੀਓ ਦੇ ਕੋਵਿਡ-19 ਵੈਕਸੀਨੇਸ਼ਨ ਪ੍ਰੋਗਰਾਮ ਬਾਰੇ, ਤੁਸੀਂ ਵੱਧ ਵੇਰਵੇ Ontario's COVID-19 vaccine web page ਤੇ ਪ੍ਰਾਪਤ ਕਰ ਸਕਦੇ ਹੋ।